11

## ਸਿਵਲ ਸੇਵਾਵਾਂ

ਜ਼ਾਬਤਾ ਫੌਜਦਾਰੀ ਸੰਘਤਾ (ਸੀ ਆਰ ਪੀ ਸੀ), ਪੁਲਿਸ ਐਕਟ ਅਤੇ ਹੋਰ ਸਬੰਧਤ ਕਾਨੂੰਨਾਂ ਵਿਚ ਸਪੱਸ਼ਟ ਤੌਰ ਤੇ ਨਿਸ਼ਚਿਤ ਕੀਤਾ ਗਿਆ ਹੈ ਕਿ ਪੁਲਿਸ, ਨਿਆਂਪਾਲਕਾ (ਮੈਜਿਸਟ੍ਰੇਟੀ) ਨੂੰ ਜਵਾਬਦੇਹੀ ਹੋਵੇਗੀ - ਇਸ ਦਾ ਮਤਲਬ ਇਹ ਵੀ ਹੈ ਕਿ ਜ਼ਿਲ੍ਹੇ ਵਿਚ ਪ੍ਰਸ਼ਾਸਕੀ ਅਫ਼ਸਰਾਂ ਨੂੰ ਵੀ। ਸਰਕਾਰੀ ਸ਼ਿਸ਼ਟਾਚਾਰ ਮੁਤਾਬਕ ਡੀ ਜੀ ਪੀ ਦਾ ਅਹੁਦਾ ਗ੍ਰਿਹ ਸਕੱਤਰ ਤੋਂ ਹੇਠਾਂ ਹੈ।

[ਨੋਟ : ਭਾਰਤੀ ਸ਼ਾਸਨ ਪ੍ਰਣਾਲੀ ਵਿਚ ਦੋ ਕਿਸਮ ਦੇ ਅਫ਼ਸਰ ਪ੍ਰਸ਼ਾਸਨ ਚਲਾਉਂਦੇ ਹਨ। ਉੱਚੀਆਂ ਪ੍ਰਬੰਧਕੀ ਆਸਾਮੀਆਂ ਤੇ ਭਾਰਤੀ ਪ੍ਰਬੰਧਕੀ ਸੇਵਾ (ਆਈ ਏ ਐਸ) ਨਾਲ ਸਬੰਧਤ ਅਫ਼ਸਰ ਕੰਮ ਕਰਦੇ ਹਨ ਅਤੇ ਜ਼ਿਲ੍ਹਿਆਂ ਵਿਚ ਖੇਤਰੀ ਪੱਧਰ ਦੀਆਂ ਆਸਾਮੀਆਂ ਤੇ ਪ੍ਰਾਂਤਿਕ ਸਿਵਿਲ ਸੇਵਾਵਾਂ (ਪੀ ਸੀ ਐਸ) ਦੇ ਅਫ਼ਸਰਾਂ ਦੁਆਰਾ ਪ੍ਰਬੰਧ ਚਲਾਇਆ ਜਾਂਦਾ ਹੈ। ਰੋਜ਼ਾਨਾ ਦੇ ਕੰਮ-ਕਾਰ ਵਿਚ ਜ਼ਿਲ੍ਹੇ ਦੀ ਪੁਲਿਸ, ਪੀ ਸੀ ਐਸ ਅਫ਼ਸਰਾਂ ਦਾ ਜ਼ਰੂਰ ਹੱਥ ਵਟਾਉਂਦੀ ਹੈ।]

ਇਨ੍ਹਾਂ ਸਾਲਾਂ ਵਿਚ ਸਿਵਿਲ ਸੇਵਾਵਾਂ ਦੇ ਹੌਂਸਲੇ ਬਹੁਤ ਗਿਰ ਗਏ ਕਿਉਂਕਿ ਪੁਲਿਸ, ਅਹੁਦੇ ਦੀ ਹੁਕਮ-ਅਦੂਲੀ ਅਤੇ ਨਿਯਮਾਂ ਦੀ ਉਲੰਘਣਾ ਕਰਕੇ ਕਿਸੇ ਨੂੰ ਗਿਰਫਤਾਰ ਕਰਨ, ਗਿਰਫਤਾਰੀ ਅਤੇ ਕਿਸੇ ਨੂੰ ਸਾਧਾਰਨ ਤੌਰ ਤੇ ਗਾਇਬ ਕਰਨ ਦੀ ਧਮਕੀ ਦੇਣ ਨਾਲ, ਸਰਕਾਰ ਦੇ ਬਾਕੀ ਸਾਰੇ ਅੰਗਾਂ ਤੇ ਹਾਵੀ ਹੋ ਗਈ ਸੀ। ਇਸ ਮਾਮਲੇ ਵਿਚ ਪੁਲਿਸ ਨੂੰ ਕੇਂਦਰੀ ਸਰਕਾਰ ਦੀ ਅਥਾਰਟੀ ਦੀ ਸ਼ਹਿ ਸੀ। ਪੰਜਾਬ ਦੇ ਦੋ ਰਾਜਪਾਲ ਇਸੇ ਕਰਕੇ ਹਟਾ ਦਿੱਤੇ ਗਏ ਸਨ ਕਿਉਂਕਿ ਉਨ੍ਹਾਂ ਨੇ ਪੁਲਿਸ ਪਾਸੋਂ ਜਵਾਬ ਮੰਗਿਆ ਸੀ। ਉਹ ਸਨ ਨਿਰਮਲ ਮੁਖਰਜੀ ਅਤੇ ਵਿਰੇਂਦਰ ਵਰਮਾ।

ਇਕ ਰਿਟਾਇਰ ਹੋਏ ਸੀਨੀਅਰ ਅਧਿਕਾਰੀ ਮੁਤਾਬਕ ਜਿਹੜਾ ਰਾਜਪਾਲ ਵਰਮਾ ਦਾ ਸਲਾਹਕਾਰ ਸੀ, ਨੇ ਭਾਰਤ ਦੇ ਰਾਸ਼ਟਰਪਤੀ ਨੂੰ ਦੋ ਪੱਤਰ ਲਿਖੇ: ਇਕ ਪੱਤਰ ਵਿਸ਼ੇਸ਼ ਸੀ ਅਤੇ ਦੂਜਾ ਉਸ ਦੀ ਰਾਸ਼ਟਰਪਤੀ ਨੂੰ ਮਹੀਨਾਵਾਰ ਰਿਪੋਰਟ ਸੀ। ਦੋਹਾਂ ਪੱਤਰਾਂ ਵਿਚ ਇਕੋ ਗੱਲ ਕਹੀ ਗਈ : ਕਿ ਜਿੰਨਾ ਚਿਰ ਡੀ ਜੀ ਪੀ ਕੇ.ਪੀ.ਐਸ. ਗਿੱਲ ਅਤੇ ਮੁੱਖ ਸਕੱਤਰ ਐਸ.ਐਲ.ਕਪੂਰ ਨੂੰ ਰਾਜ ਤੋਂ ਬਾਹਰ ਨਹੀਂ ਭੇਜ ਦਿੱਤਾ ਜਾਂਦਾ, ਪੰਜਾਬ ਵਿਚੋਂ ਅੱਤਵਾਦ ਤੇ ਕਾਬੂ ਪਾਉਣਾ ਅਸੰਭਵ ਹੈ।

ਐਸ.ਪੀ. ਬਾਗਲਾ, ਇਕ ਸੀਨੀਅਰ ਆਈ.ਏ.ਐਸ. ਅਫ਼ਸਰ, ਜਿਸ ਨੂੰ ਪੰਜਾਬ ਦਾ ਮੁੱਖ ਸਕੱਤਰ ਲਗਾਇਆ ਜਾ ਰਿਹਾ ਸੀ, ਨੂੰ ਇਸੇ ਕਰਕੇ ਇਸ ਅਹੁਦੇ ਤੇ ਨਹੀਂ ਲਗਾਇਆ ਗਿਆ ਕਿਉਂਕਿ ਉਸ ਦੇ ਵਿਚਾਰ ਪੁਲਿਸ ਦੇ ਕੰਮਾਂ ਅਤੇ ਉਸ ਦੀ ਜਵਾਬਦੇਹੀ ਦੇ ਮਾਮਲੇ ਤੇ ਮੇਲ ਨਹੀਂ ਖਾਂਦੇ ਸਨ। ਜੂਨ 11, 1995 ਨੂੰ **ਦਿ ਟ੍ਰਿਬਿਊਨ** ਵਿਚ ਛੱਪੀ ਇਕ ਮੁਲਾਕਾਤ ਦੌਰਾਨ ਉਸ ਨੇ ਵਿਚਾਰ ਪ੍ਰਗਟ ਕੀਤੇ: "ਕਿ 1985 ਤੋਂ, ਮੈਂ ਕਿਸੇ ਮਹਿਕਮੇ ਦਾ ਮੁੱਖੀ ਹੋਣ ਦੇ ਨਾਤੇ ਵੀ ਮੁੱਖ ਸਕੱਤਰ ਨਾਲ ਗੱਲ ਨਹੀਂ ਕਰ ਸਕਦਾ ਸੀ। ਇਕ ਆਦਮੀ ਬਰਾਬਰ ਹੋਰ ਸੀ ਜਿਹੜਾ ਮੁੱਖ ਸਕੱਤਰ ਤੋਂ ਵੀ ਉਪਰ ਸਮਝਦਾ ਸੀ ਅਤੇ ਉਹ ਮੁੱਖ ਸਕੱਤਰ ਜਾਂ ਗ੍ਰਿਹ ਸਕੱਤਰ ਜਾਂ ਜ਼ਿਲ੍ਹਾ ਪ੍ਰਸ਼ਾਸਨ ... ਜਾਂ ਮੁੱਖ ਮੰਤਰੀ ਦੀ ਵੀ ਪ੍ਰਵਾਹ ਨਹੀਂ ਕਰਦਾ ਸੀ।"

ਇਹ ਚੇਤੇ ਰਹਿਣਾ ਚਾਹੀਦਾ ਹੈ ਕਿ ਕੁਝ ਆਈ.ਏ.ਐਸ. ਅਫ਼ਸਰਾਂ ਨੇ ਪਿਛਲੇ ਦਹਾਕੇ ਦੌਰਾਨ ਬਹੁਤ ਨੁਕਸਾਨ ਉਠਾਇਆ। ਉਨ੍ਹਾਂ ਵਿਚੋਂ ਇਕ ਸੀਨੀਅਰ ਅਫ਼ਸਰ ਡੀ.ਐਸ. ਮੁਲਤਾਨੀ ਸੀ ਜਿਸ ਦਾ ਪੁੱਤਰ ਪੁਲਿਸ ਹਿਰਾਸਤ ਵਿਚ ਮਾਰਿਆ ਗਿਆ ਸੀ। ਇਸ ਦਾ ਵਿਸਥਾਰ ਸਹਿਤ ਵੇਰਵਾ *ਨਿਸ਼ਾਨਾ ਬਣਾਏ ਗਏ ਗਰੁੱਪਾਂ* ਦੇ ਭਾਗ ਵਿਚ ਦਿੱਤਾ ਗਿਆ ਹੈ। ਚਾਹੇ ਮੁੱਖੀ ਅਧਿਕਾਰ ਗਰੁੱਪਾਂ ਅਤੇ ਆਈ.ਏ.ਐਸ. ਆਫ਼ੀਸਰਜ਼ ਐਸੋਸਿਏਸ਼ਨ ਨੇ ਕੇਸ ਚੁੱਕਿਆ ਪਰੰਤੂ ਕੋਈ ਇਨਕੁਆਇਰੀ ਨਹੀਂ ਕਰਵਾਈ ਗਈ।

ਬੇਅੰਤ ਸਿੰਘ ਦੇ ਸੱਤਾ ਵਿਚ ਆਉਣ ਤੋਂ ਕੁਝ ਮਹੀਨੇ ਬਾਅਦ, ਤਜਿੰਦਰ ਖੰਨਾ, ਮੁੱਖ ਸਕੱਤਰ ਨੇ ਆਪਣੇ ਪ੍ਰਬੰਧਕੀ ਸਕੱਤਰਾਂ (ਸਾਰੇ ਆਈ.ਏ.ਐਸ. ਅਫ਼ਸਰਾਂ ਦੀ) ਇਕ ਮੀਟਿੰਗ ਬੁਲਾਈ। ਖੰਨਾ ਨੇ ਪੰਜਾਬ ਸਮੱਸਿਆ ਬਾਰੇ ਉਨ੍ਹਾਂ ਦੇ ਵਿਚਾਰ ਲਏ। ਮੀਟਿੰਗ ਬਾਰੇ 2 ਅਗਸਤ, 1992 ਦੀ **ਦਿ ਟ੍ਰਿਬਿਊਨ** ਵਿਚ ਇਕ ਖਬਰ ਅਨੁਸਾਰ ਵਿੱਤੀ ਕਮਿਸ਼ਨਰਾਂ ਸਮੇਤ (ਸੀਨੀਅਰ ਅਫ਼ਸਰਾਂ) ਸਕੱਤਰਾਂ ਨੇ ਹੈਰਾਨੀ ਪ੍ਰਗਟ ਕੀਤੀ ਅਤੇ ਕਿਹਾ ਕਿ ਹੁਣ ਇਸ ਸਟੇਜ ਤੇ ਇਹ ਸਵਾਲ ਕਿਵੇਂ ਪੈਦਾ ਹੋ ਗਿਆ ਜਦੋਂ ਗੜਬੜੀ ਦੇ ਸਾਰੇ ਸਾਲਾਂ ਦੌਰਾਨ ਕਿਸੇ ਨੇ ਵੀ ਇਸ ਸਮੱਸਿਆ ਤੇ ਪਹਿਲਾਂ ਕਦੀ ਵਿਚਾਰ ਪ੍ਰਾਪਤ ਕਰਨਾ "ਜ਼ਰੂਰੀ" ਨਹੀਂ ਸੀ ਸਮਝਿਆ। ਇਕ ਸਕੱਤਰ ਨੇ ਜਾਣਨਾ ਚਾਹਿਆ ਕਿ ਇਸ ਮੀਟਿੰਗ ਦਾ ਕੀ ਲਾਭ ਹੋਵੇਗਾ ਕਿਉਂਕਿ ਪੁਲਿਸ ਹਰ ਕਿਸਮ ਦੀਆਂ ਮਨਮਾਨੀਆਂ ਕਰ ਰਹੀ ਹੈ ਅਤੇ ਬਲਕਿ ਸੀਨੀਅਰ ਅਫ਼ਸਰ ਵੀ ਉਨ੍ਹਾਂ ਨਾਲ ਸਬੰਧ ਵਿਗਾੜਨ ਦੀ ਜੁਰਅਤ ਨਹੀਂ ਕਰਦੇ - ਹੋਰ ਤਾਂ ਹੋਰ, ਉਸ ਨੇ ਸ਼ੰਕਾ ਜ਼ਾਹਰ ਕੀਤੀ ਕਿ ਕੀ ਇਸ ਮੀਟਿੰਗ ਦੀ ਕਾਰਵਾਈ ਰਿਕਾਰਡ ਵੀ ਕੀਤੀ ਜਾਵੇਗੀ।

ਇਹ ਸ਼ਬਦ ਵਾਕਿਆ ਹੀ ਠੀਕ ਨਿਕਲੇ - ਕਿਉਂਕਿ ਚਾਹੇ ਮੁੱਖ ਸਕੱਤਰ ਨੇ ਸਹੁੰ ਖਾਧੀ ਕਿ ਉਹ ਖੁਦ ਇਸ ਮੀਟਿੰਗ ਦੀ ਕਾਰਵਾਈ ਰਿਕਾਰਡ ਕਰੇਗਾ, ਪਰੰਤੂ ਉਸਨੇ ਅਜਿਹਾ ਨਹੀਂ ਕੀਤਾ।

ਇਕ ਸਕੱਤਰ ਨੇ ਟਿੱਪਣੀ ਕੀਤੀ ਕਿ ਪੁਲਿਸ ਨੇ ਹੀ ਰਾਜ ਵਿਚ ਚੋਣਾਂ ਅੱਗੇ ਪਵਾਈਆਂ ਸਨ ਕਿਉਂਕਿ ਇਸ ਚੀਜ਼ ਨੇ ਉਨ੍ਹਾਂ ਦਾ ਨਿੱਜੀ ਹਿੱਤ ਪੂਰਾ ਕੀਤਾ ਅਤੇ ਪੁਲਿਸ ਹੀ ਰਾਜ ਵਿਚ ਅੱਤਵਾਦੀ ਹਿੰਸਾ ਕਰਵਾ ਰਹੀ ਹੈ।

ਇਕ ਸਕੱਤਰ ਨੇ ਇਕ ਫਾਈਲ ਦਾ ਹਵਾਲਾ ਦਿੱਤਾ ਜਿਸ ਵਿਚ ਸੰਕੇਤ ਸੀ ਕਿ ਅੱਤਵਾਦੀਆਂ ਨੂੰ ਪਹਿਲਾਂ ਮਾਰ ਦਿੱਤਾ ਜਾਂਦਾ ਹੈ ਅਤੇ ਬਾਅਦ ਵਿਚ ਉਨ੍ਹਾਂ ਦੇ ਸਿਰਾਂ ਤੇ ਇਨਾਮਾਂ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਦੂਜੇ ਸਕੱਤਰ ਨੇ ਕਿਹਾ ਕਿ ਪੁਲਿਸ ਵਧੀਕੀਆਂ ਬਾਰੇ ਸ਼ਿਕਾਇਤਾਂ ਦੀਆਂ ਪੜਤਾਲਾਂ ਕਰਨ ਵਾਲੇ ਸਿਵਿਲ ਅਧਿਕਾਰੀ ਆਪਣੀਆਂ ਜਾਨਾਂ ਨੂੰ ਖ਼ਤਰੇ ਦੇ ਡਰੋਂ ਉਨ੍ਹਾਂ ਦੇ ਖਿਲਾਫ਼ ਆਪਣੀਆਂ ਰਿਪੋਰਟਾਂ ਦੇਣ ਤੋਂ ਡਰਦੇ ਹਨ।

ਨਿਆਂਇਕ ਅਫ਼ਸਰ ਜਾਂ ਸੀਨੀਅਰ ਸਿਵਿਲ ਅਧਿਕਾਰੀ ਪੁਲਿਸ ਵਧੀਕੀਆਂ ਜਾਂ ਸੰਦੇਹਪੂਰਣ ਕਾਰਵਾਈਆਂ ਦੀਆਂ ਪੜਤਾਲਾਂ ਤਾਂ ਕਰਦੇ ਹਨ ਪਰੰਤੂ ਇਹ ਰਿਪੋਰਟਾਂ ਅਣਛਪੀਆਂ ਰਹਿ ਜਾਂਦੀਆਂ ਹਨ। ਅਜਿਹੇ ਪੜਤਾਲੀਆ ਕਮਿਸ਼ਨਾਂ ਦੇ ਨਿਸ਼ਕਰਸ਼ਾਂ ਤੋਂ ਤੰਗ ਆ ਕੇ ਸਰਕਾਰ ਨੇ ਪੜਤਾਲ ਕਮਿਸ਼ਨ ਇਸ ਢੰਗ ਵਿਚ ਗਠਿਤ ਕਰਨੇ ਆਰੰਭ ਕਰ ਦਿੱਤੇ ਕਿ ਪੜਤਾਲ ਕਰਨ ਵਾਲੇ ਪ੍ਰਸ਼ਾਸਕੀ ਅਫ਼ਸਰ ਨੂੰ ਬਰਾਬਰ ਦੇ ਕਿਸੇ ਅਜਿਹੇ ਪੁਲਿਸ ਅਫ਼ਸਰ ਨਾਲ ਬੰਨ੍ਹ ਦਿੱਤਾ ਜਾਂਦਾ ਸੀ ਜਿਹੜਾ ਇਸ ਸਾਂਝੀ ਜਾਂਚ ਦੇ ਸਿੱਟੇ ਨੂੰ ਕੰਟ੍ਰੋਲ ਕਰਦਾ ਸੀ।

ਇਕ ਹੋਰ ਸਕੱਤਰ ਨੇ ਵਿਚਾਰ ਪ੍ਰਗਟ ਕੀਤੇ ਕਿ ਸਿਵਿਲ ਅਧਿਕਾਰੀਆਂ ਤੇ ਪੁਲਿਸ ਦਾ ਏਨਾ ਦਾਬਾ ਹੈ ਕਿ ਰਾਜ ਦੇ ਇਕ ਸਾਬਕਾ ਗ੍ਰਿਹ ਸਕੱਤਰ ਨੇ ਇਕ ਵਾਰੀ ਵਿਚਾਰ ਪ੍ਰਗਟ ਕੀਤੇ ਕਿ ਉਹ ਤਾਂ ਸਿਰਫ਼ ਇਕ "ਸਟੈਪਨੀ ਵ੍ਹੀਲ" ਹੈ, ਤਾਂ ਇਕ ਹੋਰ ਅਫਸਰ ਨੇ ਉਸਨੂੰ ਸੋਧਦਿਆਂ ਕਿਹਾ: "ਤੁਹਾਡਾ ਮਤਲਬ ਹੈ ਇਕ ਪੰਕਚਰ ਹੋਇਆ ਪਹੀਆ।"

ਪੁਲਿਸ ਦੀਆਂ ਗੁੱਝੀਆਂ ਕਾਰਵਾਈਆਂ ਅੱਗੇ ਸੀਨੀਅਰ ਅਫ਼ਸਰ ਵੀ ਲਾਚਾਰ ਸਨ, ਜਿਸ ਦਾ ਪਤਾ ਮਹਿਬੂਬ ਦੀ ਕਹਾਣੀ ਤੋਂ ਚਲਦਾ ਹੈ ਕਿ ਉਸਨੂੰ ਕਿਵੇਂ ਛੱਡਿਆ ਗਿਆ।

"ਓਪਰੇਸ਼ਨ ਰਕਸ਼ਕ" ਚਲ ਰਿਹਾ ਸੀ (1992) ਅਤੇ ਪੰਜਾਬ ਪੁਲਿਸ ਅਤੇ ਫੌਜ ਇਕੱਠੇ ਰਲ ਕੇ ਅੱਤਵਾਦ ਨੂੰ ਜੜੋਂ ਉਖਾੜਨ ਵਿਚ ਜੁਟੇ ਹੋਏ ਸਨ ਅਤੇ ਆਪਣੀਆਂ ਹਿੱਟ ਲਿਸਟਾਂ ਨੂੰ ਸੋਧਣ ਲਈ ਵਾਰ-ਵਾਰ ਮਿਲਦੇ ਸਨ। ਓ.ਪੀ. ਸ਼ਰਮਾ (ਜੋ ਬਾਅਦ ਵਿਚ ਪੰਜਾਬ ਦਾ ਡੀ ਜੀ ਪੀ ਬਣਿਆ) ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿਭਾਗ ਦਾ ਮੁੱਖੀ ਸੀ ਅਤੇ ਹਿੱਟ ਲਿਸਟ ਤਿਆਰ ਕਰਨ ਵਿਚ ਉਸਦਾ ਅਹਿਮ ਹੱਥ ਸੀ। ਇਨ੍ਹਾਂ ਵਿਚੋਂ ਇਕ ਮੀਟਿੰਗ ਵਿਚ ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਹਰਿੰਦਰ ਸਿੰਘ ਮਹਿਬੂਬ ਦਾ ਨਾਂ ਇਸ ਲਿਸਟ ਵਿਚ ਸ਼ਾਮਲ ਕੀਤਾ ਗਿਆ। ਮਹਿਬੂਬ ਇਕ ਕਵੀ ਸੀ - ਉਸ ਨੂੰ ਸਾਹਿਤ ਅਕਾਦਮੀ ਐਵਾਰਡ , ਇਕ ਮਾਣ ਵਾਲੇ ਕੌਮੀ ਪੱਧਰ ਦਾ ਐਵਾਰਡ, ਵੀ ਮਿਲਿਆ ਸੀ - ਪਰੰਤੂ ਇਸ ਤੋਂ ਇਲਾਵਾ ਉਸ ਦੇ ਵਿਰੁੱਧ ਇਹੋ ਜਿਹੀ

ਕੋਈ ਗੱਲ ਨਹੀਂ ਸੀ ਕਿ ਕੋਈ ਉਸ ਦੇ ਵਿਰੁੱਧ ਦੋਸ਼ ਲਗਾ ਸਕੇ। ਉਸ ਤੇ ਕਿਸੇ ਕਿਸਮ ਦਾ ਕੋਈ ਗ਼ਲਤ ਕੰਮ ਕਰਨ ਲਈ ਕਦੀ ਕੋਈ ਦੋਸ਼ ਵੀ ਨਹੀਂ ਲੱਗਾ ਸੀ।

ਬੀਰ ਦਵਿੰਦਰ ਸਿੰਘ, ਇਕ ਸਾਬਕਾ ਐਮ.ਐਲ.ਏ. ਜੋ ਫਤਿਹਗੜ੍ਹ ਸਾਹਿਬ ਦੀ ਪ੍ਰਤਿਨਿਧਤਾ ਕਰ ਰਿਹਾ ਸੀ ਅਤੇ ਜੋ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਪਾਰਟੀ ਦਾ ਆਦਮੀ ਸੀ ਅਤੇ ਪੰਜਾਬ ਯੂਨੀਵਰਸਿਟੀ ਦਾ ਸੈਨੇਟਰ ਵੀ ਸੀ, ਨੂੰ ਸੂਹ ਮਿਲੀ ਕਿ ਮਹਿਬੂਬ ਪੁਲਿਸ ਦੀ ਹਿੱਟ ਲਿਸਟ ਤੇ ਹੈ। ਉਸ ਨੇ ਮਹਿਬੂਬ ਨੂੰ ਛੁਪਾ ਲਿਆ ਅਤੇ ਉਸ ਦਾ ਨਾਂ ਹਿੱਟ ਲਿਸਟ ਵਿਚੋਂ ਕਢਵਾਉਣ ਵਾਸਤੇ ਗ੍ਰਿਹ ਸਕੱਤਰ ਅਜੀਤ ਸਿੰਘ ਚੱਠਾ ਦੀ ਮਦਦ ਲੈਣ ਲਈ ਚੰਡੀਗੜ੍ਹ ਲੈ ਆਂਦਾ। ਚੱਠਾ ਨੇ ਹਮਦਰਦੀ ਤਾਂ ਪ੍ਰਗਟ ਕੀਤੀ ਲੇਕਿਨ ਇਸ ਮਾਮਲੇ ਵਿਚ ਸਰਗਰਮ ਭੂਮਿਕਾ ਨਿਭਾਉਣ ਤੋਂ ਨਾਂਹ ਕਰ ਦਿੱਤੀ ਤਾ ਕਿ ਸਰਕਾਰ ਉਸ ਦੀ ਨੀਅਤ ਤੇ ਸ਼ੱਕ ਨਾ ਕਰੇ। ਚੱਠਾ ਨੇ ਕਿਹਾ ਕਿ "ਕਿਸੇ ਹਿੰਦੂ ਅਫ਼ਸਰ ਕੋਲ ਜਾਓ - ਤਜਿੰਦਰ ਖੰਨਾ ਮੁੱਖ ਸਕੱਤਰ ਕੋਲ ਜਾਓ।"

ਖੰਨਾ ਨੇ ਵੀ ਮਹਿਬੂਬ ਦੀ ਜ਼ਿੰਦਗੀ ਬਾਰੇ ਸੋਚਿਆ ਅਤੇ ਸਹਿਮਤ ਹੋਇਆ ਕਿ ਗਲਤੀ ਹੋਈ ਹੈ ਲੇਕਿਨ ਕਾਰਵਾਈ ਦੇ ਰਿਕਾਰਡ ਦੇ ਮਾਮਲੇ ਵਿਚ ਆਪਣੀ ਹੇਠੀ ਤੋਂ ਬਾਅਦ ਖੰਨਾ ਆਪਣੀ ਹੋਰ ਹੇਠੀ ਨਹੀਂ ਕਰਵਾਉਣਾ ਚਾਹੁੰਦਾ ਸੀ। ਉਸ ਨੇ ਬੀਰ ਦਵਿੰਦਰ ਨੂੰ ਕਿਹਾ ਕਿ ਉਹ ਇਸ ਕਰਕੇ ਮਦਦ ਨਹੀਂ ਕਰ ਸਕਦਾ ਕਿਉਂਕਿ "ਓ.ਪੀ. ਸ਼ਰਮਾ ਮੇਰੀ ਗੱਲ ਦੀ ਪ੍ਰਵਾਹ ਨਹੀਂ ਕਰਦਾ। ਰਾਜਪਾਲ (ਸੁਰਿੰਦਰ ਨਾਥ) ਪਾਸ ਜਾਓ, ਉਹ ਇਕ ਆਈ ਪੀ ਐਸ ਅਫ਼ਸਰ ਹੈ, ਉਸ ਵਿਚ ਕੁਝ ਕਰਾਉਣ ਦੀ ਹਿੰਮਤ ਹੈ।"

ਖ਼ੁਸ਼ਕਿਸਮਤੀ ਨਾਲ, ਰਾਜਪਾਲ ਸੁਰਿੰਦਰ ਨਾਥ ਨੇ ਬੀਰ ਦਵਿੰਦਰ ਦੀ ਬੇਨਤੀ ਮੰਨ ਲਈ ਅਤੇ ਉਸ ਨੇ ਕਵੀ ਨੂੰ ਬਖ਼ਸ਼ਣ ਲਈ ਫ਼ੀਲਡ ਲੈਵਲ ਦੇ ਅਫ਼ਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ। ਇਕ ਕਵਿਤਾ-ਪ੍ਰੇਮੀ ਰਾਜਪਾਲ ? ਲੇਕਿਨ ਸੁਰਿੰਦਰ ਨਾਥ, ਜੋ ਖ਼ੁਦ ਰਾਜ ਦਾ ਪੁਲਿਸ ਮੁੱਖੀ ਰਹਿ ਚੁੱਕਾ ਸੀ, ਨੇ ਸੋਚਿਆ ਕਿ ਉਸ ਵਿਆਕਤੀ ਨੂੰ ਲਿਸਟ ਵਿਚੋਂ ਕੱਢਣਾ, ਜਿਸ ਦੇ ਹਿੱਟ ਲਿਸਟ ਤੇ ਹੋਣ ਬਾਰੇ ਪਹਿਲਾਂ ਹੀ ਕਈ ਲੋਕਾਂ ਨੂੰ ਪਤਾ ਹੈ, ਬੁਰੀ ਗੱਲ ਹੋਵੇਗੀ।

ਕੇਂਦਰੀ ਗ੍ਰਿਹ ਮੰਤਰੀ, ਮਨਮੋਹਨ ਸਿੰਘ ਵਲੋਂ ਵੀ ਪੁਰਜ਼ੋਰ ਸਿਫ਼ਾਰਸ਼ ਆਈ। ਚੰਡੀਗੜ੍ਹ ਤੋਂ ਹਰਪਾਲ ਸਿੰਘ ਇਸ ਕੇਂਦਰੀ ਮੰਤਰੀ ਦਾ ਮਿੱਤਰ ਸੀ ਅਤੇ ਉਸ ਨੇ ਪਹਿਲਾਂ ਉਸ ਨੂੰ ਮਹਿਬੂਬ ਦੀ ਕਿਤਾਬ ਅਰਪਣ ਕੀਤੀ ਸੀ। ਜਦੋਂ ਮਹਿਬੂਬ ਦੀ ਜ਼ਿੰਦਗੀ ਖ਼ਤਰੇ ਵਿਚ ਸੀ, ਉਸ ਨੇ ਮਨਮੋਹਨ ਸਿੰਘ ਨਾਲ ਸੰਪਰਕ ਕੀਤਾ ਅਤੇ ਉਸ ਨੇ ਮਹਿਬੂਬ ਦੀ ਜ਼ਿੰਦਗੀ ਬਚਾਉਣ ਲਈ ਪੰਜਾਬ ਦੇ ਰਾਜਪਾਲ ਸੁਰਿੰਦਰ ਨਾਥ ਨੂੰ ਕਿਹਾ।

ਜੇਕਰ ਸਿਵਿਲ ਸੇਵਾਵਾਂ ਦੇ ਉੱਚ ਅਧਿਕਾਰੀ ਹੀ - ਆਈ.ਏ.ਐਸ.

ਅਫ਼ਸਰ - ਲੁੱਕ ਛਿੱਪ ਕੇ ਘੁਸਰ-ਮੁਸਰ ਕਰਨ ਜਾਂ ਡਰਦੇ ਮਾਰੇ ਕੋਈ ਕੰਮ ਨਾ ਕਰਨ ਤਾਂ ਫਿਰ ਮਜਿਸਟ੍ਰੇਟੀ ਪੱਧਰ ਦੇ ਅਫ਼ਸਰ - ਅਰਥਾਤ ਪੀ ਸੀ ਐਸ ਅਫ਼ਸਰ ਤਾਂ ਬਿਲਕੁਲ ਹੀ ਕੁਝ ਕਰਨ ਦੇ ਯੋਗ ਨਹੀਂ ਹੋਣਗੇ। ਪੀ ਸੀ ਐਸ ਅਫ਼ਸਰ ਜ਼ਿਲ੍ਹਾ ਪੱਧਰ ਤੇ ਸਰਕਾਰ ਦਾ ਇਕ ਅਸਰਦਾਇਕ ਅੰਗ ਹੁੰਦੇ ਹਨ। ਇਹ ਉਹ ਵਿਅਕਤੀ ਹੁੰਦੇ ਹਨ ਜਿਹੜੇ ਸਰਕਾਰ ਦੀਆਂ ਨੀਤੀਆਂ ਅਤੇ ਹੁਕਮਾਂ ਨੂੰ ਲਾਗੂ ਕਰਦੇ ਹਨ ਅਤੇ ਕਾਨੂੰਨ ਅਤੇ ਵਿਵਸਥਾ ਲਈ ਇਹ ਜ਼ਿੰਮੇਵਾਰ ਹੁੰਦੇ ਹਨ ਅਤੇ ਜਦੋਂ ਸਰਕਾਰ ਅਤੇ / ਜਾਂ ਪੁਲਿਸ ਤੋਂ ਖ਼ੁਸ਼ ਨਾ ਹੋਣ ਤਾਂ ਇਹ ਅਧਿਕਾਰੀ ਜਨਤਾ ਨੂੰ ਨਿਆਂ ਦਿਵਾਉਣ ਲਈ ਦਖ਼ਲ-ਅੰਦਾਜ਼ੀ ਕਰਦੇ ਹਨ।

ਅਗਸਤ 7, 1992 ਦੀ ਰਾਤ ਨੂੰ, ਐਸ.ਐਸ. ਬੈਂਸ, ਜ਼ਿਲ੍ਹਾ ਸ਼ਿਕਾਇਤ ਨਿਵਾਰਨ ਅਫ਼ਸਰ ਅਤੇ ਕੁਲਬੀਰ ਸਿੰਘ, ਜ਼ਿਲ੍ਹਾ ਟ੍ਰਾਂਸਪੋਰਟ ਅਫ਼ਸਰ, ਦੋਵੇਂ ਪੀ ਸੀ ਐਸ ਅਫ਼ਸਰ, ਜਲੰਧਰ ਤਾਇਨਾਤ ਸਨ, ਨੂੰ ਚੋਰਾਂ ਨਾਲ ਰਲ ਕੇ ਚੋਰੀ ਹੋਈਆਂ ਗੱਡੀਆਂ ਦੀ ਵਿਕਰੀ ਲਈ ਸ਼ਹਿ ਦੇਣ ਦੇ ਦੋਸ਼ ਵਿਚ ਗਿਰਫਤਾਰ ਕੀਤਾ ਗਿਆ। ਪੁਲਿਸ ਕੋਲ ਇਸ ਦੀ ਕੋਈ ਗਵਾਹੀ ਨਹੀਂ ਸੀ ਲੇਕਿਨ ਉਹ ਪੀ ਸੀ ਐਸ ਅਫ਼ਸਰਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ ਅਤੇ ਗਿਰਫਤਾਰੀ ਇਨ੍ਹਾਂ ਅਫ਼ਸਰਾਂ ਨੂੰ ਬੇਇੱਜ਼ਤ ਕਰਨ ਲਈ ਕੀਤੀ ਗਈ ਸੀ।

ਇਸ ਘਟਨਾ ਤੋਂ ਸਾਰੇ ਰਾਜ ਵਿਚ ਪੀ ਸੀ ਐਸ ਅਫ਼ਸਰਾਂ ਨੇ ਹੜਤਾਲ ਕਰ ਦਿੱਤੀ - ਜੋ ਕਿ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਸੀ। ਜਦੋਂ ਮੁੱਖ ਮੰਤਰੀ ਬੇਅੰਤ ਸਿੰਘ ਨੇ ਇਨ੍ਹਾਂ ਦੇ ਸ਼ਿਕਵਿਆਂ ਦੀ ਪੜਤਾਲ ਕਰਨ ਲਈ ਚੌਕਸੀ ਵਿਭਾਗ ਨੂੰ ਹੁਕਮ ਦਿੱਤਾ ਤਾਂ ਇਹ ਨਿਗੂਣੀ ਗੱਲ ਸੀ। ਪੀ ਸੀ ਐਸ ਅਫ਼ਸਰਾਂ ਨੇ ਰੋਸ ਕੀਤਾ ਕਿ ਚੌਕਸੀ ਵਿਭਾਗ "ਪੰਜਾਬ ਪੁਲਿਸ ਦਾ ਹੀ ਅੰਗ" ਹੈ ਅਤੇ 23 ਅਗਸਤ, 1993 ਨੂੰ ਉਨ੍ਹਾਂ ਨੇ ਰਾਜਪਾਲ ਨੂੰ ਇਕ ਲਿਖਤੀ ਬਿਆਨ ਪੇਸ਼ ਕੀਤਾ ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਪਿਛਲੇ ਇਕ ਦਹਾਕੇ ਜਾਂ ਉਸਦੇ ਆਸ-ਪਾਸ ਦੇ ਸਮੇਂ ਤੋਂ ਰਾਜ ਵਿਚ ਬਿਲਕੁਲ ਪੁਲਿਸ ਰਾਜ ਹੈ ਅਤੇ ਇਹ ਅਨਿਸ਼ਚਿਤ ਕਾਲ ਲਈ ਚਲ ਰਿਹਾ ਹੈ।"

ਜਦੋਂ ਫਿਰ ਵੀ ਸਰਕਾਰ ਨੇ ਹੜਤਾਲ ਨੂੰ ਖ਼ਤਮ ਕਰਨ ਦਾ ਕੋਈ ਯਤਨ ਨਾ ਕੀਤਾ ਅਤੇ ਪੀ ਸੀ ਐਸ ਅਫ਼ਸਰਾਂ ਦੁਆਰਾ ਉਠਾਏ ਗਏ ਮਾਮਲਿਆਂ ਤੇ ਵਿਚਾਰ ਕਰਨ ਦੀ ਵੀ ਕੋਸ਼ਿਸ਼ ਨਹੀਂ ਕੀਤੀ ਤਾਂ ਉਨ੍ਹਾਂ ਨੇ ਇਕ ਹੋਰ ਬਿਆਨ ਜਾਰੀ ਕੀਤਾ। ਇਹ ਬਿਆਨ 28 ਅਗਸਤ, 1993 ਦਾ ਸੀ : ਇਸ ਵਿਚ ਦੱਸਿਆ ਗਿਆ ਕਿ ਪੁਲਿਸ ਨੇ ਨਾ ਕੇਵਲ ਕਈ ਆਮ ਕੇਸਾਂ ਵਿਚ ਹੀ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਹਨ ਬਲਕਿ ਇਸ ਨੇ ਕਈ ਅਹਿਮ ਕੇਸਾਂ ਵਿਚ ਵੀ ਵਧੀਕੀਆਂ ਕੀਤੀਆਂ ਹਨ।

ਇਨ੍ਹਾਂ ਅਫ਼ਸਰਾਂ ਨੇ ਰਾਸ਼ਟਰਪਤੀ ਸ਼ਾਸਨ ਦੌਰਾਨ ਅੱਤਵਾਦ ਦੇ ਪੈਦਾ ਹੋਣ ਅਤੇ ਇਸ ਦੇ ਪਤਨ ਦਾ ਪਤਾ ਲਗਾਉਣ ਅਤੇ ਪੁਲਿਸ ਦੀ ਭੂਮਿਕਾ ਦੀ

ਜਾਂਚ ਕਰਨ ਲਈ ਇਕ ਨਿਆਂਇਕ ਕਮਿਸ਼ਨ ਗਠਿਤ ਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਪੁਲਿਸ ਵਲੋਂ ਨਿਮਨਲਿਖਤ 10 ਗੰਭੀਰ ਕੁਤਾਹੀਆਂ ਦਾ ਜ਼ਿਕਰ ਕੀਤਾ:

i. ਚਾਹੀਦੇ ਵਿਅਕਤੀਆਂ ਦੀ ਸੂਚੀ ਅਤੇ ਉਨ੍ਹਾਂ ਦੀ ਗਿਰਫਤਾਰੀ ਲਈ ਰੱਖੇ ਇਨਾਮਾਂ ਨੂੰ ਛਪਵਾਉਣ ਵਿਚ ਅਸਫ਼ਲਤਾ;

ii. ਅੱਤਵਾਦੀਆਂ ਦੀਆਂ ਜ਼ਿਆਦਾਤਰ ਮੌਤਾਂ, ਇਨ੍ਹਾਂ ਵਿਅਕਤੀਆਂ ਨੂੰ ਖ਼ਤਮ ਕਰਨ ਬਦਲੇ ਪੁਲਿਸ ਨੂੰ ਦਿੱਤੇ ਗਏ ਵੱਡੇ-ਵੱਡੇ ਇਨਾਮਾਂ ਨੂੰ ਅਸਾਧਾਰਨ ਤੌਰ ਤੇ ਜਾਇਜ਼ ਠਹਿਰਾਉਣ ਦੇ ਮੰਤਵ ਲਈ ਕੀਤੀਆਂ ਗਈਆਂ। ਜੇਕਰ 'ਪੁਲਿਸ ਬਖ਼ਸ਼ੀਸ਼' ਦੀ ਸੂਚੀ ਦੇ ਆਧਾਰ ਤੇ ਮਾਰੇ ਗਏ ਵਿਅਕਤੀਆਂ ਦੀ ਗਿਣਤੀ ਕਰੀਏ ਤਾਂ ਇਹ ਕਈ ਲੱਖਾਂ ਵਿਚ ਚਲੀ ਜਾਵੇਗੀ;

iii. ਰਿਪੋਰਟਾਂ ਮੁਤਾਬਕ, ਕਈ ਅੱਤਵਾਦੀ ਇਕ ਤੋਂ ਵੱਧ ਵਾਰ ਮਾਰੇ ਗਏ ਦਿਖਾਏ ਗਏ ਅਤੇ ਸਾਰੇ ਮੌਕਿਆਂ ਤੇ ਇਨਾਮ ਦਿੱਤੇ ਗਏ। ਇਹ ਪੈਸਾ ਸ਼ਾਇਦ ਪੁਲਿਸ ਅਫ਼ਸਰਾਂ ਦੀਆਂ ਆਮਦਨ ਕਰ ਰਿਟਰਨਾਂ ਵਿਚ ਵੀ ਨਾ ਦਿਖਾਇਆ ਗਿਆ ਹੋਵੇ;

iv. ਪੁਲਿਸ ਨੇ ਅੱਤਵਾਦੀਆਂ ਤੋਂ ਲੋਕਾਂ ਨੂੰ ਬਚਾਉਣ ਦੀ ਆਪਣੀ ਜ਼ਿੰਮੇਵਾਰੀ ਤੋਂ ਤਿਆਗ ਦੇ ਦਿੱਤਾ ਸੀ। ਉਹ ਖ਼ੁਦ ਨੂੰ ਥਾਣਿਆਂ ਵਿਚ ਰਾਤ ਨੂੰ ਬੰਦ ਕਰ ਲੈਂਦੇ ਸਨ ਅਤੇ ਸਵੇਰ ਨੂੰ ਨਿਰਦੋਸ਼ ਨੌਜਵਾਨਾਂ ਸਮੇਤ ਅਭਾਗੇ ਪਰਿਵਾਰਾਂ ਨੂੰ ਇਸ ਆਧਾਰ ਤੇ ਪਕੜ ਲਿਆਉਂਦੇ ਕਿ ਇਨ੍ਹਾਂ ਨੇ ਅੱਤਵਾਦੀਆਂ ਨੂੰ ਪਨਾਹ ਦਿੱਤੀ ਹੈ। ਇਸ ਪਰੇਸ਼ਾਨੀ ਦਾ ਮੰਤਵ ਅੱਤਵਾਦ ਤੇ ਕਾਬੂ ਪਾਉਣਾ ਨਹੀਂ ਸੀ ਬਲਕਿ ਪੈਸੇ ਬਟੋਰਨਾ ਸੀ;

v. ਪੁਲਿਸ ਨੇ ਲੋਕਾਂ ਨੂੰ ਲੁੱਟਣ ਤੋਂ ਬਚਾਉਣ ਲਈ ਏਨੀ ਢਿਲ ਦਿਖਾਈ ਕਿ ਲੋਕ ਸ਼ੱਕ ਕਰਨ ਲੱਗ ਪਏ ਕਿ ਪੁਲਿਸ ਇਹ ਜੁਰਮ ਖ਼ੁਦ ਕਰਵਾ ਰਹੀ ਹੈ। ਜਦੋਂ ਅੱਤਵਾਦੀ ਗਰੋਹ ਅੰਤਮ ਤੌਰ ਤੇ ਖ਼ਤਮ ਕਰ ਦਿੱਤੇ ਗਏ ਤਾਂ ਕਰੋੜਾਂ ਰੁਪਏ, ਜਿਹੜਾ ਕਿਹਾ ਗਿਆ ਕਿ ਇਨ੍ਹਾਂ ਗਰੋਹਾਂ ਨੇ ਲੁੱਟੇ ਸਨ, ਪੁਲਿਸ ਦੁਆਰਾ ਅਣਗਿਣੇ ਰਹਿ ਗਏ;

vi. ਪੁਲਿਸ ਆਪਣੀ ਡਿਊਟੀ ਨਿਭਾਉਣ ਤੋਂ ਏਨਾ ਦੂਰ ਚਲੀ ਗਈ ਸੀ ਕਿ ਲੋਕਾਂ ਨੇ ਇਹ ਸੋਚਣਾ ਸ਼ੁਰੂ ਕਰ ਦਿੱਤਾ ਕਿ ਪੁਲਿਸ ਖਾੜਕੂਆਂ ਨਾਲ ਰਲ ਗਈ ਹੈ;

vii. ਪੁਲਿਸ ਨੇ ਉਦੋਂ ਮੈਜਿਸਟ੍ਰੇਟਾਂ ਦੇ ਕੰਮ ਵਿਚ ਵਿਘਨ ਪਾਇਆ ਜਦੋਂ ਉਨ੍ਹਾਂ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਦੀ ਪੜਤਾਲ ਕਰਨ ਲਈ ਹੁਕਮ ਦਿੱਤਾ ਜਾਂਦਾ ਸੀ ਅਤੇ ਉਹ ਸ਼ਿਕਾਇਤ ਕਰਨ ਦੀ ਹਿੰਮਤ ਕਰਨ ਵਾਲੇ ਨੂੰ ਵੀ ਆੜੇ ਹੱਥੀਂ ਲੈਂਦੇ ਸਨ;

viii. ਪੁਲਿਸ ਨੇ ਨਿਆਂਇਕ / ਮਾਲੀਆ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਕੇ ਕਿਸੇ ਇਕ ਜਾਂ ਦੂਜੀ ਪਾਰਟੀ ਨਾਲ ਰਲ ਕੇ ਜਾਇਦਾਦ ਝਗੜਿਆਂ ਵਿਚ ਵੀ ਦਖਲ ਦਿੱਤਾ;

ix. ਪਕੜੇ ਗਏ ਹਥਿਆਰਾਂ ਦੀ ਸੂਚੀ ਦਾ ਵੇਰਵਾ ਕਦੀ ਅਖਬਾਰਾਂ ਵਿਚ ਨਹੀਂ ਦਿੱਤਾ ਗਿਆ ਸੀ ਅਤੇ ਇਹ ਸ਼ੱਕ ਕੀਤਾ ਗਿਆ ਕਿ ਇਕੋ ਹਥਿਆਰਾਂ ਨੂੰ 'ਵਾਰ-ਵਾਰ' ਦਿਖਾਇਆ ਜਾਂਦਾ ਸੀ;

x. ਪੁਲਿਸ ਨੇ ਆਪਣੀਆਂ ਗੁਪਤ ਅਤੇ ਸੰਦੇਹਪੂਰਣ ਕਾਰਵਾਈਆਂ ਲਈ ਕਈ ਪ੍ਰਾਈਵੇਟ ਗੱਡੀਆਂ ਦੀ ਵਰਤੋਂ ਕੀਤੀ। ਇਹ ਗੱਡੀਆਂ ਗੈਰ-ਕਾਨੂੰਨੀ ਤੌਰ ਤੇ ਲਈਆਂ ਗਈਆਂ ਹੋਣ ਜਾਂ ਅੱਤਵਾਦੀਆਂ ਕੋਲੋਂ ਬਰਾਮਦ ਕੀਤੀਆਂ ਦਿਖਾਈਆਂ ਗਈਆਂ ਹੋਣ ਪਰੰਤੂ ਅਜਿਹੀਆਂ ਗੱਡੀਆਂ ਦੀ ਵਰਤੋਂ ਕਰਨ ਲਈ ਕੋਈ ਕਾਨੂੰਨੀ ਉਪਬੰਧ ਨਹੀਂ ਹੈ।

ਪੀ ਸੀ ਐਸ ਅਫ਼ਸਰਾਂ ਨੇ ਪੈਸੇ ਲੁੱਟਣ ਦੀਆਂ ਪੰਜ ਵੱਡੀਆਂ ਉਦਾਹਰਣਾਂ ਦਾ ਵਿਸ਼ੇਸ਼ ਤੌਰ ਤੇ ਹਵਾਲਾ ਦਿੱਤਾ। ਇਹ ਅਧਿਆਇ 5 ਦੇ ਭਾਗ 2 ਵਿਚ *ਪੈਸਾ ਹਥਿਆਉਣਾ* ਅਧੀਨ ਰਿਕਾਰਡ ਕੀਤੀਆਂ ਗਈਆਂ ਹਨ।

ਐਸ.ਐਸ.ਬੈਂਸ ਅਤੇ ਕੁਲਬੀਰ ਸਿੰਘ ਦੀਆਂ ਗਿਰਫਤਾਰੀਆਂ ਬਾਰੇ ਪੀ ਸੀ ਐਸ ਅਫ਼ਸਰਾਂ ਨੇ ਦਾਅਵਾ ਕੀਤਾ ਕਿ ਇਹ ਗਿਰਫਤਾਰੀਆਂ ਮੈਜਿਸਟ੍ਰੇਟੀ ਸ਼ਕਤੀ ਤੇ ਦਬਾਅ ਪਾਉਣ ਲਈ ਕੀਤੀਆਂ ਗਈਆਂ ਹਨ। ਯਾਦ-ਪੱਤਰ ਵਿਚ ਕਿਹਾ ਗਿਆ ਕਿ ਪੁਲਿਸ ਅਫ਼ਸਰ ਕੁਝ ਸ਼ਿਕਾਇਤਾਂ, ਜਿਨ੍ਹਾਂ ਦੀ ਇਨ੍ਹਾਂ ਪੀ ਸੀ ਐਸ ਅਫ਼ਸਰਾਂ ਨੇ ਪਿਛਲੇ ਹਫ਼ਤਿਆਂ ਵਿਚ ਜਾਂਚ ਕੀਤੀ ਸੀ, ਤੋਂ ਚਿੜ੍ਹ ਕੇ ਬਦਲਾ-ਲਊ ਭਾਵਨਾ ਵਿਚ ਸਨ।

ਇਨ੍ਹਾਂ ਸ਼ਿਕਾਇਤਾਂ ਵਿਚੋਂ ਇਕ ਦੀ ਉਦਾਹਰਣ ਇਹ ਹੈ, ਜੁਲਾਈ ਦੇ ਅੱਧ ਵਿਚ ਜਲੰਧਰ ਦੇ ਅਬਾਦਪੁਰ ਮੁਹੱਲੇ ਦੀ ਇਕ ਵਿਧਵਾ ਨੇ ਬੈਂਸ, ਜਿਹੜਾ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਅਫ਼ਸਰ ਸੀ, ਕੋਲ ਪਹੁੰਚ ਕੀਤੀ ਕਿ ਉਸਦੇ ਪੁੱਤਰ ਨੂੰ ਜਲੰਧਰ ਛਾਉਣੀ ਥਾਣੇ ਵਿਚ ਗੈਰ-ਕਾਨੂੰਨੀ ਤੌਰ ਤੇ ਬੰਦ ਕੀਤਾ ਹੋਇਆ ਹੈ। ਬੈਂਸ ਥਾਣੇ ਗਿਆ ਅਤੇ ਲੜਕੇ ਬਾਰੇ ਪੁੱਛ-ਗਿੱਛ ਕੀਤੀ। ਚਾਹੇ ਥਾਣੇ ਜਾ ਕੇ ਅਜਿਹਾ ਕਰਨਾ ਉਸ ਦੇ ਅਧਿਕਾਰ-ਖੇਤਰ ਵਿਚ ਸੀ ਲੇਕਿਨ ਐਸ ਐਸ ਪੀ ਨੇ ਉਸ ਦੇ ਦੌਰੇ ਦਾ ਸਖ਼ਤ ਵਿਰੋਧ ਕੀਤਾ ਅਤੇ ਉਸ ਤੋਂ ਬਾਅਦ ਜਲੰਧਰ ਦੇ ਡਿਪਟੀ ਕਮਿਸ਼ਨਰ ਨੇ ਬੈਂਸ ਨੂੰ ਉਸ ਦੀ ਅਗੇਤੀ ਆਗਿਆ ਤੋਂ ਬਗੈਰ ਕਿਸੇ ਥਾਣੇ ਦਾ ਦੌਰਾ ਕਰਨ ਤੋਂ ਰੋਕ ਦਿੱਤਾ।

[ਨੋਟ : ਦੂਜੇ ਕੇਸ *ਪੈਸੇ ਬਟੋਰਨ ਅਤੇ ਜਾਇਦਾਦ ਜ਼ਬਤ ਕਰਨਾ/ ਨਸ਼ਟ ਕਰਨਾ* ਸਬੰਧੀ ਭਾਗ ਵਿਚ ਦਰਜ ਕੀਤੇ ਗਏ ਹਨ।]

ਮੈਮੋਰੈਂਡਮ ਵਿਚ ਤਿੰਨ ਬੇਨਤੀਆਂ ਕੀਤੀਆਂ ਗਈਆਂ ਸਨ : ਕਿ ਪੁਲਿਸ ਨੂੰ ਦੂਜੇ ਵਿਭਾਗ ਦੇ ਕੰਮ-ਕਾਰ ਸੁਤੰਤਰ ਤੌਰ ਤੇ ਚਲਾਉਣ ਲਈ

ਦਖ਼ਲ-ਅੰਦਾਜ਼ੀ ਕਰਨ ਦੀ ਆਗਿਆ ਨਾ ਦਿੱਤੀ ਜਾਵੇ; ਪੁਲਿਸ ਕਾਨੂੰਨਾਂ ਅਧੀਨ ਮੈਜਿਸਟ੍ਰੇਟ ਦੀ ਸ਼ਕਤੀ ਵਿਚ ਪੁਲਿਸ ਨੂੰ ਦਖਲ ਨਹੀਂ ਦੇਣਾ ਚਾਹੀਦਾ; ਅਤੇ ਸਬੰਧਤ ਪੁਲਿਸ ਅਫ਼ਸਰਾਂ ਦੁਆਰਾ ਮੈਜਿਸਟ੍ਰੇਟਾਂ ਦੇ ਹੁਕਮਾਂ ਵਿਚ ਕੋਈ ਕੁਤਾਹੀ ਕਰਨ ਜਾਂ ਪਾਲਣਾ ਕਰਨ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਕਸੂਰਵਾਰ ਅਫ਼ਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਇਨ੍ਹਾਂ ਯਾਦ-ਪੱਤਰਾਂ ਵਿਚ ਦਰਜ ਸਾਰੀਆਂ ਗੱਲਾਂ ਬੇਅੰਤ ਸਿੰਘ ਸਰਕਾਰ ਦੇ ਬਣਨ ਤੋਂ ਪਹਿਲਾਂ ਸਾਹਮਣੇ ਆ ਗਈਆਂ ਸਨ। ਰਾਸ਼ਟਰਪਤੀ ਰਾਜ ਦੌਰਾਨ, ਚੁਣੇ ਹੋਏ ਪ੍ਰਤਿਨਿਧਾਂ ਵਿਚੋਂ ਬਣਾਏ ਗਏ ਮੰਤਰੀਆਂ ਦੀ ਗੈਰ-ਹਾਜ਼ਰੀ ਵਿਚ ਕਾਰਜਕਾਰਣੀ ਕੇਵਲ ਰਾਜਪਾਲ ਅਤੇ ਸੀਨੀਅਰ ਮੋਸਟ ਅਫ਼ਸਰਾਂ, ਜਿਹੜੇ ਮੰਤਰੀਆਂ ਦੀ ਤਰ੍ਹਾਂ ਵੱਖ-ਵੱਖ ਵਿਭਾਗਾਂ ਦੇ ਮੁੱਖੀ ਹੁੰਦੇ ਹਨ, ਨੂੰ ਜਵਾਬਦੇਹ ਹੁੰਦੀ ਹੈ। ਜਿਉਂ ਹੀ ਲੋਕ-ਪ੍ਰਿਯ ਸਰਕਾਰ ਆ ਜਾਂਦੀ ਹੈ ਤਾਂ ਸਕੱਤਰ ਨੀਤੀ ਘੜਨ ਦਾ ਆਪਣਾ ਅਧਿਕਾਰ ਛੱਡ ਦਿੰਦੇ ਹਨ ਅਤੇ ਨੀਤੀ ਦੇ ਮਾਮਲਿਆਂ ਤੇ ਮੰਤਰੀਆਂ ਪਾਸੋਂ ਹੁਕਮ ਪ੍ਰਾਪਤ ਕਰਦੇ ਹਨ ਇਨ੍ਹਾਂ ਹਾਲਾਤਾਂ ਨਾਲ ਆਈ ਏ ਐਸ ਅਤੇ ਪੀ ਸੀ ਐਸ ਅਫ਼ਸਰਾਂ ਦੇ ਮਨੋਬਲ ਨੂੰ ਬਹੁਤ ਜ਼ਿਆਦਾ ਢਾਹ ਲਗਦੀ ਹੈ। ਪੁਲਿਸ ਅਫ਼ਸਰਾਂ ਨਾਲ ਵਿਵਹਾਰ ਸਬੰਧੀ ਨੀਤੀ ਵਿਚ ਕਦੀ ਕੋਈ ਤਬਦੀਲੀ ਨਹੀਂ ਆਈ ਪਰੰਤੂ ਕੇਂਦਰ ਤੋਂ ਗੁਪਤ ਹੁਕਮ ਆਉਂਦੇ ਸਨ।

ਲੋਕ-ਪ੍ਰਿਯ ਸਰਕਾਰ ਦੇ ਬਣ ਜਾਣ ਨਾਲ ਅਫ਼ਸਰ ਆਪਣੀ ਪੋਸਟਿੰਗ ਲਈ ਮੰਤਰੀਆਂ ਤੇ ਨਿਰਭਰ ਹੋ ਗਏ - ਅਤੇ ਇਸ ਤਰ੍ਹਾਂ ਉਨ੍ਹਾਂ ਤੇ ਪੂਰਾ ਕੰਟ੍ਰੋਲ ਹੋ ਗਿਆ ਅਤੇ ਉਨ੍ਹਾਂ ਨੂੰ ਇਕ ਕਿਸਮ ਦੇ ਗੁਲਾਮ ਬਣਾ ਦਿੱਤਾ ਗਿਆ।